a2zpapers.com

Exam. Code : 107401
Subject Code : 1821

**B.Sc. Biotechnology 1st Semester**

**PUNJABI COMPULSORY**

**Paper–BT–6 (i)**

Time Allowed—3 Hours] [Maximum Marks—50

**ਨੋਟ :** ਕੋਈ **ਪੰਜ** ਪ੍ਰਸ਼ਨ ਕਰੋ, ਹਰੇਕ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕਰੋ।

**ਭਾਗ—I**

1. (ੳ) ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਜੀ ਚਾਹੇ ਪੰਛੀ ਹੋ ਜਾਵਾਂ,
ਉਡਦਾ ਜਾਵਾਂ, ਗਾਉਂਦਾ ਜਾਵਾਂ
ਅਣ-ਛੁਹ ਸਿਖਰਾਂ ਨੂੰ ਛੁਹ ਪਾਵਾਂ।
ਇਸ ਦੁਨੀਆਂ ਦੀਆਂ ਰਾਹਵਾਂ ਭੁੱਲ ਕੇ,
ਫੇਰ ਕਦੀ ਵਾਪਸ ਨਾ ਆਵਾਂ।
ਜੀ ਚਾਹੇ ਪੰਛੀ ਹੋ ਜਾਵਾਂ।

(ਅ) ਅੰਨਦਾਤਾ **ਜਾਂ** ਲੂਣਾ ਕਵਿਤਾ ਦਾ ਸਾਰ ਲਿਖੋ। 10

**ਭਾਗ—II**

2. (ੳ) 'ਅਫ਼ਰੀਕਾ ਦੀ ਯਾਦ' ਨਿਬੰਧ ਦਾ ਸਾਰ ਲਿਖੋ।

(ਅ) 'ਗੁਰੂ ਕਾ ਬਾਗ ਅਤੇ ਮੁਲਤਾਨ' ਨਿਬੰਧ ਦੇ ਆਧਾਰ 'ਤੇ ਡਾ. ਰਾਜਿੰਦਰ ਪ੍ਰਸਾਦ ਦੀ ਲਿਖਣ-ਸ਼ੈਲੀ ਬਾਰੇ ਜਾਣਕਾਰੀ ਦਿਓ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

## ਭਾਗ—III

3. (ੳ) ਹੇਠ ਲਿਖੇ ਵਿਸ਼ਿਆਂ 'ਚੋਂ ਕਿਸੇ **ਇੱਕ** 'ਤੇ 200 ਸ਼ਬਦਾਂ ਦਾ ਪੈਰ੍ਹਾ ਰਚੋ :

(i) ਨਸ਼ਿਆਂ ਵਿੱਚ ਗ੍ਰਸਿਆਂ ਨੌਜਵਾਨ

(ii) ਮੇਰਾ ਜੀਵਨ ਉਦੇਸ਼। 10

(ਅ) ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

ਘਰ-ਪਰਿਵਾਰ ਤੋਂ ਇਲਾਵਾ ਸਮਾਜ ਵਿੱਚ ਵਿਚਰਦਿਆਂ ਸਾਡੇ ਕੋਲੋਂ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਕਈ ਵਾਰ ਛੋਟੀਆਂ-ਛੋਟੀਆਂ ਤਕਰਾਰਾਂ ਵੀ ਹੋ ਜਾਂਦੀਆਂ ਹਨ। ਕੋਈ ਅਜਿਹੀ ਗੱਲ ਜਾਂ ਤਕਰਾਰ ਕਿਸੇ ਦਾ ਦਿਲ ਵੀ ਦੁਖਾ ਦਿੰਦੀ ਹੈ। ਅਜਿਹੀ ਗੱਲ ਵਰ੍ਹਿਆਂ ਤੱਕ ਅਣ-ਬਣ ਦਾ ਕਾਰਨ ਬਣੀ ਰਹਿੰਦੀ ਹੈ। ਮਨ ਲਓ ਜੇਕਰ ਸਾਡੇ ਕੋਲੋਂ ਅਜਿਹਾ ਕੁਝ ਹੋ ਵੀ ਜਾਂਦਾ ਹੈ ਤਾਂ ਸਾਨੂੰ ਆਪਣੀ ਗ਼ਲਤੀ ਸਵੀਕਾਰ ਕਰ ਲੈਣ ਵਿੱਚ ਕਿਸੇ ਵੀ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ਤੇ ਸਾਨੂੰ ਉਸ ਦੀ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਗ਼ਲਤੀ ਨੂੰ ਮੰਨਣਾ ਸ਼ਿਸ਼ਟਾਚਾਰ ਦਾ ਇੱਕ ਹਿੱਸਾ ਹੈ। ਕਈ ਵਾਰ ਅਸੀਂ ਗ਼ਲਤੀ ਕਰਨ ਤੋਂ ਬਾਅਦ ਮਾਫ਼ੀ ਮੰਗਣ ਤੋਂ ਇਨਕਾਰੀ ਹੋ ਜਾਂਦੇ ਹਾਂ ਕਿਉਂਕਿ ਅਸੀਂ ਇਸ ਨੂੰ ਆਪਣੀ ਅਣਖ ਨਾਲ ਜੋੜ ਲੈਂਦੇ ਹਾਂ। ਦੇਖਿਆ ਜਾਵੇ ਤਾਂ ਮਾਫ਼ੀ ਮੰਗਣ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਨਾਲ ਸਾਡੀ ਅਣਖ ਨਹੀਂ ਘਟਦੀ ਸਗੋਂ ਸਾਡਾ ਵਿਅਕਤਿਤਵ ਉਜਾਗਰ ਹੁੰਦਾ ਹੈ ਅਤੇ ਕਈ ਵਾਰ ਆਉਣ ਵਾਲੀਆਂ ਮੁਸੀਬਤਾਂ ਤੋਂ ਸਾਡਾ ਬਚਾਅ ਵੀ ਹੋ ਸਕਦਾ ਹੈ। ਛੋਟੇ ਮਸਲੇ ਵੱਡੇ ਨਹੀਂ ਬਣਦੇ ਤੇ ਅਸੀਂ ਤਣਾਅ-ਮੁਕਤ ਰਹਿੰਦੇ ਹਾਂ।

(1) ਸਮਾਜ ਵਿੱਚ ਵਿਚਰਦਿਆਂ ਕਈ ਵਾਰ ਸਾਡੇ ਕੋਲੋਂ ਕੀ ਹੋ ਜਾਂਦਾ ਹੈ ?

(2) ਸਾਨੂੰ ਕਿਸ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ?

(3) ਕਈ ਵਾਰ ਅਸੀਂ ਗ਼ਲਤੀ ਮੰਨਣ ਤੋਂ ਇਨਕਾਰੀ ਕਿਉਂ ਹੋ ਜਾਂਦੇ ਹਾਂ ?

(4) ਗ਼ਲਤੀ ਨੂੰ ਮੰਨਣਾ ਕਿਸ ਗੱਲ ਦਾ ਹਿੱਸਾ ਹੈ ?

(5) ਗ਼ਲਤੀ ਦੀ ਮਾਫ਼ੀ ਮੰਗਣ ਨਾਲ ਕੀ ਹੁੰਦਾ ਹੈ ? 10

## ਭਾਗ—IV

4. (ੳ) ਸਵਰ ਧੁਨੀਆਂ ਕਿਹੜੀਆਂ ਹੁੰਦੀਆਂ ਹਨ ? ਜੀਭ ਦੀ ਉਚਾਈ ਅਨੁਸਾਰ ਇਹਨਾਂ ਦਾ ਵਰਗੀਕਰਨ ਕਰੋ।

(ਅ) ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਬਾਰੇ ਜਾਣਕਾਰੀ ਦਿਉ। 10



www.a2zpapers.com www.a2zpapers.com
oad free old Question papers gndu, ptu hp board, punjab